# ਸਾਡੀ ਧਾਰਮਕ ਸ਼ਬਦਾਵਲੀ

'ਬਾਬਾ' ਸ਼ਬਦ ਸਿਖ ਧਰਮ ਅਤੇ ਸਭਿਅਤਾ ਦਾ ਅਹਿਮ ਸ਼ਬਦ ਹੈ। ਇਸ ਸ਼ਬਦ ਨਾਲ ਸਿਖ ਦੀਆਂ ਬਹੁਤ ਡੂੰਗੀਆਂ ਭਾਵਨਾਵਾਂ ਜੁੜੀਆਂ ਹੋਈਆਂ ਹਨ। ਜਦੋਂ ਇਹ ਲਫਜ਼ ਵਰਤਿਆ ਜਾਵੇ ਤਾਂ ਸ਼ਰਧਾ ਭਰੇ ਅਤੇ ਅਤਿਅੰਤ ਸਤਿਕਾਰ ਵਾਲੇ ਖਿਆਲ ਮਨ ਵਿਚ ਉਪਜਦੇ ਹਨ। ਸਾਡੇ ਧਰਮ ਵਿਚ ਇਸ ਸ਼ਬਦ ਨੂੰ ਉਚ-ਕੋਟੀ ਦਾ ਸਥਾਨ ਪ੍ਰਾਪਤ ਹੈ। 'ਬਾਬਾ' ਸ਼ਬਦ ਦਾ ਨਾਤਾ ਸਾਡੇ ਧਰਮ ਅਤੇ ਸਭਿਅਤਾ ਨਾਲ ਬੜੇ ਡੂੰਗੇ ਭਾਵਾਂ ਨਾਲ ਹੈ। ਆਉ ਵੀਚਾਰੀਏ!

ਸਿਖ ਧਰਮ ਵਿਚ ਅਸੀ ਆਪਣੇ ਗੁਰੂ ਸਾਹਿਬਾਂ ਨੂੰ 'ਬਾਬਾ ਜੀ' ਕਹਿਕੇ ਯਾਦ ਕਰਦੇ ਹਾਂ। ਸ੍ਰੀ ਗੁਰੂ ਨਾਨਕ ਦੇਵ ਜੀ ਨੂੰ 'ਬਾਬਾ ਨਾਨਕ' ਕਹਿਕੇ ਵੀ ਯਾਦ ਕੀਤਾ ਜਾਂਦਾ ਹੈ। ਦਸਾਂ ਪਾਤਸ਼ਾਹੀਆਂ ਨੂੰ ਵੀ 'ਬਾਬਾ ਜੀ' ਕਹਿਕੇ ਯਾਦ ਕਰੀਦਾ ਹੈ। ਜੁਗੋ- ਜੁਗ ਅਟੱਲ ਸਤਿਗੁਰੂ , ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ 'ਬਾਬਾ ਜੀ' ਸ਼ਬਦ ਦੀ ਇਕਮਿਕਤਾ ਯਾਂ ਅਭੇਦਤਾ, 'ਬਾਬਾ ਜੀ' ਸ਼ਬਦ ਦੇ ਸਰਵ-ਉਚ ਸਥਾਨ ਅਤੇ ਮਹਾਨਤਾ ਦਾ ਪ੍ਰਤੀਕ ਹੈ। ਇਹ ਹੇਠ ਲਿਖੀਆਂ ਧਾਰਨਾਵਾਂ ਯਾਂ ਕਿਰਿਆਵਾਂ ਤੋਂ ਸਪਸ਼ਟ ਹੈ:

੧) ਬਾਬਾ ਜੀ ਦਾ ਕਮਰਾ
੨) ਬਾਬਾ ਜੀ ਦਾ ਸੰਤੋਖਣਾ
੩) ਬਾਬਾ ਜੀ ਦੇ ਰੁਮਾਲੇ
੪) ਬਾਬਾ ਜੀ ਦਾ ਚੰਦੋਆ ਅਤੇ ਪਾਲਕੀ ਆਦਿ

'ਬਾਬਾ ਜੀ' ਸ਼ਬਦ ਦਾ ਅਗਲਾ ਅਰਥ ਲੈਂਦੇ ਹਾਂ। ਸਿਖ ਧਰਮ ਵਿਚ ਉਨ੍ਹਾਂ ਮਹਾਨ ਸ਼ਖਸੀਅਤਾਂ, ਜਿਨ੍ਹਾਂ ਨੇ ਪੰਥ ਹਿਤ ਕੁਰਬਾਨੀਆਂ ਕੀਤੀਆਂ ਹਨ ਯਾਂ ਵਡੇ ਜੌਹਰ ਕਰ ਵਿਖਾਏ, ਨੂੰ ਵੀ 'ਬਾਬਾ' ਸ਼ਬਦ ਨਾਲ ਸਤਿਕਾਰਿਆ ਜਾਂਦਾ ਹੈ। ਇਨ੍ਹਾਂ ਮਹਾਨ ਵਿਅਕਤੀਆਂ ਵਿਚ ਬਾਬਾ ਬੁੱਢਾ ਜੀ, ਬਾਬਾ ਦੀਪ ਸਿੰਘ ਜੀ, ਬਾਬਾ ਬੰਦਾ ਸਿੰਘ ਜੀ ਬਹਾਦਰ, ਬਾਬਾ ਜੱਸਾ ਸਿੰਘ ਆਹਲੂਵਾਲੀਆ, ਬਾਬਾ ਜੱਸਾ ਸਿੰਘ ਰਾਮਗੜ੍ਹੀਆ, ਬਾਬਾ ਬੀਰ ਸਿੰਘ ਨੌਰੰਗਾਬਾਦ ਆਦਿ ਦੀਆਂ ਸ਼ਖਸੀਅਤਾਂ ਸ਼ਾਮਲ ਹਨ। ਇਨ੍ਹਾਂ ਮਹਾਨ ਵਿਅਕਤੀਆਂ ਨੇ ਜੋ ਕਾਰਨਾਮੇ ਕਰ ਦਿਖਾਏ, ਉਸ ਦਾ ਸਦਕਾ ਇਨ੍ਹਾਂ ਦੇ ਮੁਬਾਰਕ ਨਾਮ ਨਾਲ 'ਬਾਬਾ' ਸ਼ਬਦ ਜੁੜਿਆ।

ਆਓ, ਹੋਰ ਅਗੇ ਚਲੀਏ! ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਵਡੇ ਸਾਹਿਬਜ਼ਾਦਿਆਂ ਨੇ ਚਮਕੌਰ ਸਾਹਿਬ ਦੀ ਜੰਗ ਵਿਚ ਹਿੱਸਾ ਪਾਇਆ ਅਤੇ ਛੋਟੀ ਉਮਰੇ ਸ਼ਹੀਦੀ ਪਾਈ। ਸਾਹਿਬਜ਼ਾਦਾ ਅਜੀਤ ਸਿੰਘ ਜੀ ਨੇ ਜੰਗੀ ਜੌਹਰ ਵਿਖਾਉਂਦਿਆਂ, ਦੁਸ਼ਮਣਾਂ ਦੇ ਦੰਦ ਖੱਟੇ ਕਰਕੇ ਸ਼ਹੀਦੀ ਦਿੱਤੀ। ਆਪਣੇ ਵਡੇ ਭਰਾ ਦੀ ਲੀਹਾਂ ਤੇ ਚਲਦੇ ਹੋਏ ਸਾਹਿਬਜ਼ਾਦਾ ਜੁਝਾਰ ਸਿੰਘ ਜੀ ਨੇ ਵੀ ਜੰਗੀ ਕਰੱਤਵ ਕਰਦੇ ਹੋਏ ਸ਼ਹੀਦੀ ਪਾਈ।

ਗੁਰੂ ਜੀ ਦੇ ਛੋਟੇ ਸਾਹਿਬਜ਼ਾਦਿਆਂ ਨੇ ਵਜ਼ੀਰ ਖਾਂ ਦੇ ਦਰਬਾਰ ਵਿਚ ਉਨ੍ਹਾਂ ਨੂੰ ਦਿਤੇ ਲਾਲਚਾਂ ਨੂੰ ਇਨਕਾਰ ਕੀਤਾ, ਮੌਤ ਦੇ ਡਰਾਵੇ ਤੋਂ ਅਡੋਲ ਰਹੇ ਅਤੇ ਆਪਣੇ ਪਿਤਾ ਅਤੇ ਉਨ੍ਹਾਂ ਦੇ ਚਲਾਏ ਪੰਥ ਦੇ ਅਸੂਲਾਂ ਨੂੰ ਬੁਲੰਦ ਕਰਨ ਹਿਤ, ਸੱਚੇ ਮਾਰਗ ਤੇ ਚਲਣ ਦਾ ਐਲਾਨ ਕੀਤਾ। ਇਹ ਸਭ ਕੁਝ ਕਰਨ ਉਪਰੰਤ, ਆਪਣੇ ਪਿਤਾ ਦੇ ਚਲਾਏ ਪੰਥ ਹਿਤ ਆਪਣੀ ਜਾਂਨ ਵਾਰ ਗਏ ਅਤੇ ਆਪਣੇ ਦਾਦਾ ਜੀ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਵਾਂਗ ਆਪਣਾ ਧਰਮ ਨਾਂ ਛਡਣ ਦਾ ਵੱਲ ਸਿਖਾ ਗਏ।

ਇਨਾਂ ਮਹਾਨ ਕੁਰਬਾਨੀਆਂ ਦਾ ਸਦਕਾ ਅਸੀ ਗੁਰੂ ਜੀ ਦੇ ਸਾਹਿਬਜ਼ਾਦਿਆਂ ਦੇ ਨਾਮ ਨਾਲ 'ਬਾਬਾ' ਸ਼ਬਦ ਜੋੜ ਕੇ ਉਨ੍ਹਾਂ ਨੂੰ ਯਾਦ ਕਰਦੇ ਹਾਂ। ਅਤੇ ਆਖਦੇ ਹਾਂ

ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ।
ਸਾਹਿਬਜ਼ਾਦਾ ਬਾਬਾ ਜੁਝਾਰ ਸਿੰਘ ਜੀ।
ਸਾਹਿਬਜ਼ਾਦਾ ਬਾਬਾ ਜ਼ੋਰਾਵਰ ਸਿੰਘ ਜੀ।
ਸਾਹਿਬਜ਼ਾਦਾ ਬਾਬਾ ਫਤਹਿ ਸਿੰਘ ਜੀ।

ਆਉ, 'ਬਾਬਾ' ਸ਼ਬਦ ਦਾ ਅਗਲਾ ਅਰਥ ਵੀਚਾਰੀਏ। ਕਿਸੇ ਕਿਸੇ ਮਹਾਨ ਗੁਰਮੁਖ ਸ਼ਖਸੀਅਤ ਵਾਸਤੇ ਵੀ ਇਹ ਸ਼ਬਦ ਵਰਤਿਆ ਗਿਆ ਹੈ। ਇਨ੍ਹਾਂ ਵਿਚ ਸੰਤ ਬਾਬਾ ਅਤਰ ਸਿੰਘ ਜੀ ਮਸਤੂਆਣੇ ਵਾਲਿਆਂ ਦਾ ਨਾਮ ਸਭ ਤੋਂ ਪਹਿਲਾਂ ਯਾਦ ਆਉਂਦਾ ਹੈ। ਸੰਤ ਬਾਬਾ ਹਰਨਾਮ ਸਿੰਘ ਜੀ ਰਾਮਪੁਰ ਖੇੜੇ ਵਾਲੇ ਵੀ ਇਸ ਸੂਚੀ ਵਿਚ ਯਾਦ ਆਉਂਦੇ ਹਨ।

ਜਿਥੇ 'ਬਾਬਾ' ਸ਼ਬਦ ਸਾਡੀ ਧਾਰਮਕ ਸ਼ਬਦਾਵਲੀ ਦਾ ਅੰਗ ਹੈ ਉਥੇ ਸਿਖ ਸਭਿਅਤਾ ਵਿਚ ਵੀ 'ਬਾਬਾ' ਸ਼ਬਦ ਦਾ ਖਾਸ ਪ੍ਰਯੋਗ ਹੈ। ਆਪਣੇ ਵੱਡੇ ਬਜ਼ੁਰਗਾਂ ਖਾਸ ਕਰਕੇ ਦਾਦਾ ਜੀ ਨੂੰ 'ਬਾਬਾ' ਕਹਿਕੇ ਸੰਬੋਧਨ ਕਰੀਦਾ ਹੈ। ਵਿਰਲੇ ਵੱਡੇ ਬਜ਼ੁਰਗਾਂ ਨੂੰ ਵੀ ਕਿਤੇ ਕਿਤੇ 'ਬਾਬਾ' ਕਹਿਆ ਜਾਂਦਾ ਹੈ।

ਇਹ ਹੈ 'ਬਾਬਾ' ਸ਼ਬਦ ਦੀ ਗਾਥਾ।

ਹੁਣ ਅਸੀ ਸਾਡੇ ਅਜੋਕੇ ਧਾਰਮਕ ਖੇਤਰ ਵਿਚ 'ਬਾਬਾ' ਸ਼ਬਦ ਦਾ ਬੇ-ਸਿਦਕੀ ਢੰਗ ਨਾਮ ਇਸਤਿਮਾਲ ਬਾਰੇ ਗਲ ਕਰਦੇ ਹਾਂ। ਵੇਖਣ ਵਿਚ ਆਉਂਦਾ ਹੈ ਕਿ ਅਸੀ ਇਕ ਦੂਸਰੇ ਨੂੰ 'ਬਾਬਾ' ਅਤੇ 'ਬਾਬਾ ਜੀ' ਕਹਿਕੇ ਬੁਲਾਉਣਾ ਸ਼ੁਰੂ ਕੀਤਾ ਹੋਇਆ ਹੈ। ਬਹੁਤ ਸਾਰੇ ਲੋਕ ਇਕ ਦੂਸਰੇ ਨੂੰ ਕਿਸੇ ਹੋਰ ਸ਼ਬਦ ਦੀ ਥਾਂ ਤੇ 'ਬਾਬਾ' ਸ਼ਬਦ ਆਖ ਰਹੇ ਹਨ। ਜਦੋਂ ਕਿਸੇ ਦੂਸਰੇ ਨਾਲ ਗਲ-ਬਾਤ ਕਰਦੇ ਹਾਂ ਤਾਂ 'ਬਾਬਾ ਜੀ' ਕਹਿਕੇ ਬੁਲਾਉਂਦੇ ਹਾਂ ਅਤੇ ਦੂਸਰਾ ਵੀ ਬਿਨਾਂ ਇਸ ਗਲ ਦਾ ਰੋਸ ਕੀਤੇ ਗੱਲ-ਬਾਤ ਅਗੇ ਤੋਰ ਲੈਂਦਾ ਹੈ। ਇਸ ਵਿਚ ਸਭ ਤੋਂ ਵਡਾ ਦੋਸ਼ ਸਾਡੇ ਪ੍ਰਚਾਰਕਾਂ ਦਾ ਹੈ। ਦੁਖ ਨਾਲ ਕਹਿਣਾ ਪੈ ਰਿਹਾ ਹੈ ਕਿ ਅਸੀ 'ਬਾਬਾ' ਸ਼ਬਦ ਅਣਭੋਲ ਹੀ ਆਪਣੇ ਵਾਸਤੇ ਵਰਤ ਰਹੇ ਹਾਂ। ਜਦੋਂ ਕਿਸੇ ਨਾਲ ਗਲ ਕਰਨੀ ਹੋਵੇ, ਭਾਵੇਂ ਉਹ ਜਣਾਂ ਬੇ-ਅੰਮ੍ਰਿਤੀਆ ਹੀ ਕਿਉ ਨਾਂ ਹੋਵੇ, ਤਾਂ ਕੁਝ ਸਜਣ 'ਬਾਬਾ ਜੀ' ਕਹਿਕੇ ਗਲ ਤੋਰਦੇ ਹਨ। ਸੁਨਣ ਵਾਲਾ ਵੀ ਇਸ ਗਲ ਦੀ ਸਮਝ ਨਹੀ ਰਖਦਾ ਕਿ ਬੁਲਾਉਂਣ ਵਾਲਾ ਕੀ ਅਣਗਹਿਲੀ ਕਰ ਰਿਹਾ ਹੈ।

ਉਦਾਰਹਨ ਦੇ ਤੌਰ ਤੇ ਕਿਸੇ ਵੀਰ ਨੇ ਦੂਜੇ ਦਾ ਹਾਲ ਪੁਛਣਾ ਹੋਵੇ ਤਾਂ ਉਹ ਆਖੇ ਕਿ "ਬਾਬਾ ਜੀ, ਕੀ ਹਾਲ-ਚਾਲ ਹੈ?" ਯਾਂ "ਹੋਰ ਬਾਬਾ ਜੀ, ਕੀ ਬਣਦੈ?" ਇਸ ਵਿਚ ਕਹਿਣ ਵਾਲਾ ਤਾਂ ਅਣਗਹਿਲੀ ਕਰ ਹੀ ਰਿਹਾ ਹੈ, ਕੀ ਸੁਣਨ ਵਾਲਾ 'ਬਾਬਾ ਜੀ' ਕਹਾਉਣ ਦਾ ਹੱਕਦਾਰ ਹੈ? ਸਾਡੇ ਪਰਚਾਰਕਾਂ ਦੀ ਇਹ ਘਾਟ ਰਹੀ ਹੈ ਕਿ ਉਹਨਾਂ ਨੇ ਇਸ ਗਲ ਨੂੰ ਨਜ਼ਰ-ਅੰਦਾਜ਼ ਹੀ ਕਰ ਦਿਤਾ ਹੈ ਕਿ ਉਹ ਇਹ ਸ਼ਬਦ ਕਿਸ ਵਾਸਤੇ ਵਰਤ ਰਹੇ ਹਨ ਅਤੇ ਕੀ ਉਹ ਇਸ ਸ਼ਬਦ ਅਖਵਾਉਂਣ ਦਾ ਹੱਕਦਾਰ ਹੈ ਯਾਂ ਨਹੀ। ਉਨਾਂ ਨੂੰ ਤਾਂ ਬੱਸ ਇਨ੍ਹਾਂ ਹੀ ਮਤਲਬ ਹੈ ਕਿ ਉਨ੍ਹਾਂ ਨੇ ਦੂਸਰੇ ਨੂੰ ਖੁਸ਼ ਕਰਨਾ ਹੈ, ਸੁਣਨ ਵਾਲਾ ਭਾਵੇ ਕਿਸੇ level ਅਤੇ ਉਮਰ ਦਾ ਇਨਸਾਨ ਹੋਵੇ।

ਇਸ ਸ਼ਬਦ ਦਾ ਸਾਨੂੰ ਆਪਣੇ ਵਾਸਤੇ ਯਾਂ ਇਕ ਦੂਸਰੇ ਵਾਸਤੇ ਵਰਤਣ ਦਾ ਕੋਈ ਹੱਕ ਨਹੀ ਹੈ। ਇਸ ਤਰਾਂ ਦਾ ਮਹੌਲ ਪੈਦਾ ਕਰਨ ਦਾ ਸਭ ਤੋਂ ਵਡਾ ਦੋਸ਼ ਬੇ-ਅਦਬੀ ਦਾ ਹੈ। ਬੇ-ਅਦਬੀ ਤੋਂ ਛੁਟ, ਸਾਡੇ ਇਤਿਹਾਸਕ ਪੱਖ ਨੂੰ ਵੀ ਸੱਟ ਵਜਦੀ ਹੈ। ਸਾਨੂੰ ਇਕ ਦੂਸਰੇ ਨੂੰ ਬੁਲਾਉਂਣ ਵਾਸਤੇ ਬਹੁਤ ਸਾਰੇ ਸ਼ਬਦ ਉਪਲਬਦ ਹਨ ਜਿਨ੍ਹਾਂ ਨੂੰ ਵਰਤਿਆਂ ਸਾਡਾ

ਭਾਈਚਾਰਕ ਜੀਵਨ ਬਹੁਤ ਸੋਹਣਾ ਨਿਭ ਸਕਦਾ ਹੈ। ਇਨ੍ਹਾਂ ਸ਼ਬਦਾਂ ਦੀ ਸੂਚੀ ਵਿਚ ਕੁਝ ਸ਼ਬਦ ਇਸ ਪ੍ਰਕਾਰ ਹਨ: 'ਵੀਰ ਜੀ', 'ਭਾਜੀ', 'ਭਰਾਜੀ', 'ਸਰਦਾਰਜੀ', 'ਮਾਲਕੋ', ਨਾਮ ਨਾਲ ਸਿੰਘ ਲਗਾ ਕੇ ਪੁਕਾਰਨਾ, ਆਦਿ। ਇਹ ਸ਼ਬਦ formal ਅਤੇ informal ਹੋ ਸਕਦੇ ਹਨ। ਸਾਨੂੰ ਬਜ਼ੁਰਗਾਂ ਯਾਂ ਵਡਿਆਂ ਤੋਂ ਛੁਟ ਇਹ ਸ਼ਬਦ ਹਰ ਇਕ ਵਾਸਤੇ ਨਹੀ ਵਰਤਣਾ ਚਾਹੀਦਾ।

ਜੋ ਵੀਰ ਇਸ ਗਲ ਨੂੰ ਸਮਝਦੇ ਹਨ ਉਹ 'ਬਾਬਾ / ਬਾਬਾ ਜੀ" ਸ਼ਬਦ ਦੀ ਆਮ ਭਾਈਚਾਰਕ ਵਰਤੋਂ ਨਹੀ ਕਰਦੇ ਅਤੇ 'ਬਾਬਾ/ ਬਾਬਾ ਜੀ" ਸ਼ਬਦ ਨੂੰ ਗੁਰੂਆਂ ਨਾਲ (ਭਾਵਨਾ ਸਹਿਤ) ਜੁੜਿਆ ਜਾਂਣਦੇ ਹਨ।

ਸਾਰੀ ਸਿਖ ਸੰਗਤ ਅਤੇ ਖਾਸ ਕਰਕੇ ਪ੍ਰਚਾਰਕਾਂ ਨੂੰ ਬੇਨਤੀ ਅਤੇ ਪੁਰਜ਼ੋਰ ਅਪੀਲ ਹੈ ਕਿ ਉਹ ਇਸ ਨਵੀ ਚਲ ਰਹੀ ਵਾਦੀ ਤੇ ਰੋਕ ਪਾਉਣ ਅਤੇ ਇਸ ਅਣਗਹਿਲੀ ਦੇ ਅਭਾਗੀ ਨਾ ਬਣਨ।

ਲੇਖਕ ਇਹ ਲੇਖ ਲਿਖਣ ਤੋਂ ਮਜਬੂਰ ਇਸ ਕਰਕੇ ਹੋਇਆ ਕਿਉਂਕਿ ਇਸ ਗਲ ਦਾ ਸਾਹਮਣਾ ਉਸ ਨੂੰ ਵੀ ਕਰਨਾ ਪਿਆ ਹੈ। ਦਾਸ ਨੂੰ ਕੁਝ ਸਜਣਾ ਨੇ ਅਨੇਕਾਂ ਵਾਰੀ 'ਬਾਬਾ ਜੀ' ਕਿਹਾ ਅਤੇ ਦਾਸ ਉਨ੍ਹਾਂ ਨੂੰ ਐਸਾ ਕਹਿਣ ਤੋਂ ਕਾਫੀ ਰੋਕਦਾ ਰਿਹਾ। ਇਕ ਵਾਰੀ, ਇਕ ਮਿੱਤਰ ਸੱਜਣ ਜੋ ਦਾਸ ਨੂੰ, ਬਣੀ ਆਦਤ ਅਨੁਸਾਰ 'ਬਾਬਾ ਜੀ' ਕਹਿੰਦਾ ਰਹਿੰਦਾ ਸੀ ਤਾਂ ਅਸਾਂ ਦੋਹਾਂ ਨੇ ਅਗੇ ਵਾਸਤੇ ਐਸਾ ਕਰਨ ਉਪਰ ੨੫ ਸੈਂਟ ਜ਼ੁਰਮਾਨਾ ਰਖ ਦਿਤਾ।

ਲੋੜ ਹੈ ਸਿਦਕ ਅਤੇ ਗੁਰੂ ਦੇ ਭਾਉ ਦੀ !! ਆਉ ਇਸ ਚਲ ਰਹੀ ਵਾਦੀ ਨੂੰ ਰੋਕ ਪਾਈਏ ਅਤੇ ਆਪਣੀ ਧਾਰਮਕ ਸ਼ਬਦਾਵਲੀ ਦੀ ਕਦਰ ਕਰੀਏ।

ਕੋਈ ਭੁਲ ਚੁਕ ਹੋਵੇ ਤਾਂ ਖਿਮਾ ਕਰ ਦੇਣੀ ਜੀ।

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫਤਹਿ ॥